6/C

ਪੰਜਾਬੀ ਯੂਨੀਵਰਸਿਟੀ,ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

ਨੰ: 1890 ਸ.1/ਕਾਲਜ
ਮਿਤੀ: 10-7-2026

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ/ਕਾਂਸਟੀਚੂਐਂਟ ਕਾਲਜਾਂ ਦੇ ਪ੍ਰਿੰਸੀਪਲ/ਡਾਇਰੈਕਟਰ ਸਾਹਿਬ ਨੂੰ

**(ਬੀ.ਐਡ/ਲਾਅ ਅਤੇ ਹੋਰ ਅਜਿਹੇ ਕੋਰਸਾਂ ਨੂੰ ਛੱਡ ਕੇ ਜਿੰਨ੍ਹਾਂ ਦੇ ਦਾਖਲੇ ਜੁਆਇੰਟ ਐਂਟਰੈਂਸ ਟੈਸਟ ਰਾਹੀਂ ਪੰਜਾਬ ਸਕਰਾਰ/ਸੈਂਟਰਲ ਏਜੰਸੀਆਂ ਵੱਲੋਂ ਕਰਵਾਏ ਜਾਂਦੇ ਹਨ)**

ਵਿਸ਼ਾ:- ਸੈਸ਼ਨ 2026-27 ਦੌਰਾਨ ਸਬੰਧਤ ਕਾਲਜਾਂ ਵਿਖੇ ਗ੍ਰੈਜੂਏਸ਼ਨ ਦੇ ਕੋਰਸਾਂ ਵਿੱਚੋਂ ਰੀ-ਅਪੀਅਰ ਵਾਲੇ ਵਿਦਿਆਰਥੀਆਂ ਦੇ ਪੋਸਟ ਗ੍ਰੈਜੂਏਸ਼ਨ ਕੋਰਸਾਂ ਦੇ ਐਂਟਰੀ ਪੁਆਇੰਟ ਭਾਗ-ਪਹਿਲਾ ਵਿੱਚ ਦਾਖਲੇ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਵੱਖ-ਵੱਖ ਕਾਲਜਾਂ ਵੱਲੋਂ ਕੀਤੀਆਂ ਬੇਨਤੀਆਂ ਦੇ ਮੱਦੇਨਜ਼ਰ ਵਿਦਿਆਰਥੀਆਂ ਦੇ ਭਵਿੱਖ ਨੂੰ ਦੇਖਦੇ ਹੋਏ ਮਾਨਯੋਗ ਵਾਈਸ-ਚਾਂਸਲਰ ਸਾਹਿਬ ਵੱਲੋਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਹੋਏ ਆਦੇਸ਼ਾਂ ਅਨੁਸਾਰ ਗ੍ਰੈਜੂਏਸ਼ਨ ਦੇ ਕੋਰਸਾਂ ਵਿੱਚੋਂ ਰੀ-ਅਪੀਅਰ ਵਾਲੇ ਵਿਦਿਆਰਥੀਆਂ ਦੇ ਪੋਸਟ ਗ੍ਰੈਜੂਏਸ਼ਨ ਕੋਰਸਾਂ ਦੇ ਐਂਟਰੀ ਪੁਆਇੰਟ ਭਾਗ ਪਹਿਲਾ ਵਿੱਚ ਦਾਖਲੇ ਸਬੰਧੀ ਵਿਵਸਥਾਂ ਹੇਠ ਲਿਖੇ ਅਨੁਸਾਰ ਰਹੇਗੀ:-

A candidate who appeared under semester system for any of the under-graduate courses should be allowed to take admission under semester system in the post-graduate courses if he/she has not more than one re-appear during the last 3 semesters of the UG programme provided that the re-appear should not be in the course in which the admission is being sought in the post-graduate course. The provisional admission will be allowed subject to the availability of seats in the concerned course in the concerned college/institution. The candidate should clear the compartment/reappear before 31st July 2027. In case he/she fails to clear the reappear subject by 31st July 2027, his/her provisional admission to the Post Graduate programme shall be cancelled and no fees will be refunded. All such candidate will have to furnish an undertaking as per the attached format.

09/07/2026

ਡੀਨ, ਕਾਲਜ ਵਿਕਾਸ ਕੌਂਸਲ

5/c

# ਹਲਫਨਾਮਾ

ਮੈਂ .........................ਪੁੱਤਰ/ਪੁੱਤਰੀ ਸ੍ਰੀ ...............................ਵਾਸੀ ..........................ਜਿਸਦਾ ਆਰਜ਼ੀ/ਪ੍ਰੋਵੀਜ਼ਨਲ ਦਾਖਲਾ ਪੋਸਟ-ਗ੍ਰੈਜੂਏਟ ਦੇ ...........................ਕੋਰਸ ਦੇ ਭਾਗ ਪਹਿਲਾ ਸੈਸ਼ਨ 2026-27 ਵਿੱਚ ਕੀਤਾ ਜਾਣਾ ਹੈ, ਹੇਠ ਅਨੁਸਾਰ ਬਿਆਨ ਕਰਦਾ/ਕਰਦੀ ਹਾਂ:-

1. ਇਹ ਕਿ ਮੈਂ ਪੋਸਟ-ਗ੍ਰੈਜੂਏਟ ਦੇ .....................ਕੋਰਸ ਦੇ ਭਾਗ ਪਹਿਲਾ ਵਿੱਚ ਆਰਜ਼ੀ/ਪ੍ਰੋਵੀਜ਼ਨਲ ਦਾਖਲਾ ਲੈਣ ਲਈ ਆਪਣੀ ਸਹਿਮਤੀ ਦੇ ਰਿਹਾ/ਰਹੀਂ ਹਾਂ।
2. ਇਹ ਕਿ ਮੈਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਐਲਾਨ ਕੀਤੇ ਸ਼ਡਿਊਲ ਅਨੁਸਾਰ ਜਾਂ ਪੋਸਟ-ਗ੍ਰੈਜੂਏਸ਼ਨ ਦੇ .........................ਕੋਰਸ ਦੇ ਸਮੈਸਟਰ ਪਹਿਲਾ ਦੇ ਪ੍ਰੀਖਿਆ ਫਾਰਮ/ਪ੍ਰੀਖਿਆ ਫੀਸ ਦੀ ਆਖਰੀ ਮਿਤੀ (ਬਿਨ੍ਹਾਂ ਲੇਟ ਫੀਸ) ਤੱਕ ਸਬੰਧਤ ਕਾਲਜ/ਵਿਭਾਗ/ਯੂਨੀਵਰਸਿਟੀ ਵਿਖੇ ਆਪਣੀ ਗ੍ਰੈਜੂਏਸ਼ਨ/ਪਿਛਲੀ ਕਲਾਸ ਦੇ ਸਾਰੇ ਨਤੀਜੇ/ਸਰਟੀਫਿਕੇਟ ਜਮ੍ਹਾਂ ਕਰਵਾਉਣ ਲਈ ਪਾਬੰਦ ਹੋਵਾਂਗਾ/ਹੋਵਾਂਗੀ।
3. ਇਹ ਕਿ ਮੈਂ ਪੋਸਟ-ਗ੍ਰੈਜੂਏਸ਼ਨ ਦੇ ................... ਕੋਰਸ ਦੇ ਭਾਗ ਪਹਿਲਾ ਵਿੱਚ ਦਾਖਲੇ ਦੀ ਮੁੱਢਲੀ ਯੋਗਤਾ ਸਬੰਧੀ ਨਤੀਜੇ/ਦਸਤਾਵੇਜ਼ਾਂ ਨੂੰ ਜਮ੍ਹਾਂ ਕਰਵਾਉਣ ਸਬੰਧੀ ਕਾਲਜ/ਵਿਭਾਗ/ਯੂਨੀਵਰਸਿਟੀ ਵੱਲੋਂ ਦਿੱਤੀਆਂ ਹਦਾਇਤਾਂ ਦਾ ਪੂਰਨ ਰੂਪ ਵਿੱਚ ਪਾਲਣ ਕਰਾਂਗਾ/ਕਰਾਂਗੀ ਅਤੇ ਇਸ ਸਬੰਧੀ ਮੈਨੂੰ ਕੋਈ ਵੀ ਇਤਰਾਜ਼ ਨਹੀਂ ਹੋਵੇਗਾ।
4. ਇਹ ਕਿ ਜੇਕਰ ਮੈਂ ਆਪਣਾ ਪੈਂਡਿੰਗ ਨਤੀਜਾ ਨਿਰਧਾਰਤ ਸਮੇਂ ਅੰਦਰ ਜਮ੍ਹਾਂ ਨਹੀਂ ਕਰਵਾਉਂਦਾ/ਕਰਵਾਉਂਦੀ ਹਾਂ ਤਾ ਮੇਰਾ ਪੋਸਟ-ਗ੍ਰੈਜੂਏਸ਼ਨ ਦੇ ....................... ਕੋਰਸ ਦੇ ਭਾਗ ਪਹਿਲਾ ਵਿੱਚ ਆਰਜ਼ੀ ਦਾਖਲਾ ਰੱਦ ਕਰਨ ਦਾ ਅਧਿਕਾਰ ਸਬੰਧਤ ਕਾਲਜ/ਵਿਭਾਗ/ਯੂਨੀਵਰਸਿਟੀ ਪਾਸ ਹੋਵੇਗਾ।
5. ਇਹ ਕਿ ਜੇਕਰ ਮੇਰਾ qualifying ਡਿਗਰੀ ਦਾ ਨਤੀਜਾ ਯੂਨੀਵਰਸਿਟੀ ਵੱਲੋਂ ਐਲਾਨ ਕੀਤੇ ਗਏ ਸ਼ਡਿਊਲ ਦਾ ਪੋਸਟ-ਗ੍ਰੈਜੂਏਸ਼ਨ ਦੇ .............................ਕੋਰਸ ਦੇ ਸਮੈਸਟਰ ਪਹਿਲਾ ਦੇ ਪ੍ਰੀਖਿਆ ਫਾਰਮ/ਪ੍ਰੀਖਿਆ ਫੀਸ ਦੀ ਆਖਰੀ ਮਿਤੀ (ਬਿਨ੍ਹਾਂ ਲੇਟ ਫੀਸ)ਤੱਕ ਫੇਲ੍ਹ/ਰੀ-ਅਪੀਅਰ ਐਲਾਨਿਆ ਜਾਂਦਾ ਹੈ ਤਾਂ ਮੇਰਾ ਸਬੰਧਤ ਕੋਰਸ ਲਈ eligible ਨਾ ਹੋਣ ਕਾਰਨ ਸਬੰਧਤ ਕੋਰਸ ਵਿੱਚ ਕੀਤਾ ਆਰਜ਼ੀ/ਪ੍ਰੋਵੀਜ਼ਨਲ ਦਾਖਲਾ ਰੱਦ ਕਰਨ ਦਾ ਅਧਿਕਾਰ ਸਬੰਧਤ ਕਾਲਜ/ਵਿਭਾਗ/ਯੂਨੀਵਰਸਿਟੀ ਕੋਲ ਹੋਵੇਗਾ।
6. ਇਹ ਕਿ ਜੇਕਰ ਮੈਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਐਲਾਨ ਕੀਤੇ ਸ਼ਡਿਊਲ ਅਨੁਸਾਰ ਜਾਂ ਪੋਸਟ-ਗ੍ਰੈਜੂਏਸ਼ਨ ਦੇ .........................ਕੋਰਸ ਦੇ ਸਮੈਸਟਰ ਪਹਿਲਾ ਦੇ ਪ੍ਰੀਖਿਆ ਫਾਰਮ/ਪ੍ਰੀਖਿਆ ਫੀਸ ਦੀ ਆਖਰੀ ਮਿਤੀ (ਬਿਨ੍ਹਾਂ ਲੇਟ ਫੀਸ) ਤੱਕ ਆਪਣੇ ਕੋਰਸ ਲਈ ਯੂਨੀਵਰਸਿਟੀ ਵੱਲੋਂ ਨਿਰਧਾਰਤ ਯੋਗਤਾਵਾਂ ਪੂਰੀਆਂ ਨਾ ਕਰ ਸਕਿਆ/ਸਕੀ ਤਾਂ ਮੇਰਾ ਆਰਜ਼ੀ/ਪ੍ਰੋਵੀਜ਼ਨਲ ਦਾਖਲਾ ਰੱਦ ਸਮਝਿਆ ਜਾਵੇ ਅਤੇ ਆਰਜ਼ੀ/ਪ੍ਰੋਵੀਜ਼ਨਲ ਦਾਖਲਾ ਰੱਦ ਹੋਣ ਤੇ ਮੇਰੇ ਵੱਲੋਂ ਜਮ੍ਹਾਂ ਕਰਵਾਈ ਦਾਖਲਾ ਫੀਸ/ਟਿਊਸ਼ਨ ਫੀਸ ਅਤੇ ਹੋਰ ਚੰਦੇ ਆਦਿ ਦਾ ਮੈਂ ਕਲੇਮ ਕਰਨ ਦਾ ਹੱਕਦਾਰ ਨਹੀਂ ਹੋਵਾਂਗਾ/ਹੋਵਾਂਗੀ।

ਮਿਤੀ............................ ਹਸਤਾਖਰ...................................

ਵਿਦਿਆਰਥੀ ਦਾ ਨਾਂ....................................

ਰੋਲ ਨੰਬਰ ..................................